Alberta

**ਨਿਊਜ਼** ਰਿਲੀਜ਼

# ਆਉ ਐਲਬਰਟਾ ਦੀ ਕਹਾਣੀ ਦੇ ਜ਼ਸ਼ਨ ਮਨਾਈਏ

2 ਅਗਸਤ, 2022

## ਇਸ ਸਤੰਬਰ ਮਹੀਨੇ ਐਲਬਰਟਾ ਦੇ ਲੋਕਾਂ ਨੂੰ ਐਲਬਰਟਾ ਦਿਵਸ ਦੇ ਜ਼ਸ਼ਨ ਮਨਾਉਣ ਦਾ ਸੱਦਾ ਦਿੱਤਾ ਜਾਂਦਾ ਹੈ।

ਪਹਿਲੇ ਅਧਿਕਾਰਤ ਐਲਬਰਟਾ ਦਿਵਸ ਨੂੰ ਮਾਨਤਾ ਦੇਣ ਲਈ 1 ਸਤੰਬਰ ਤੋਂ 3 ਸਤੰਬਰ ਤੱਕ ਸੂਬੇ ਭਰ 'ਚ ਮੁਫਤ ਜਨਤਕ ਪ੍ਰੋਗਰਾਮ ਕੀਤੇ ਜਾ ਰਹੇ ਹਨ।

ਐਲਬਰਟਾ ਦੇ ਪ੍ਰਾਂਤਕ ਹੁਨਰਾਂ ਨੂੰ ਪੇਸ਼ ਕਰਦੇ ਕਾਂਨਸਰਟਾਂ ਦਾ ਅਨੰਦ ਲੈਣ ਲਈ ਐਡਮਿੰਟਨ 'ਚ ਵਿਧਾਨ ਸਭਾ 'ਚ ਅਤੇ ਪ੍ਰਿੰਸ'ਜ਼ ਆਈਲੈਂਡ ਪਾਰਕ ਕੈਲਗਰੀ 'ਚ ਆਉ। ਇਕ ਮੇਡ-ਇਨ-ਐਲਬਰਟਾ ਮਾਰਕੀਟਪਲੇਸ ਲੋਕਾਂ ਨੂੰ ਸਥਾਨਕ ਥਾਵਾਂ 'ਤੇ ਉਗਾਏ ਅਤੇ ਬਣਾਏ ਉਤਪਾਦਨਾਂ ਦੇ ਨਮੂਨੇ ਵੇਖਣ ਅਤੇ ਖਰੀਦਣ ਦਾ ਮੌਕਾ ਪੇਸ਼ ਕਰੇਗੀ, ਜੋ ਉਨ੍ਹਾਂ ਚੀਜ਼ਾਂ ਦੇ ਜ਼ਸ਼ਨ ਮਨਾ ਰਹੀ ਹੋਵੇਗੀ ਜਿਹੜਾ ਸਾਰਾ ਕੁਝ ਸਾਡਾ ਸੂਬਾ ਪੇਸ਼ ਕਰਨਾਂ ਚਾਹੁੰਦਾ ਹੈ। ਸੱਭਿਆਚਾਰਕ ਵਰਕਸ਼ਾਪਾਂ ਅਤੇ ਵਿਵਹਾਰਕ ਗਤੀਵਿਧੀਆਂ ਸਮੇਤ ਬੱਚਿਆਂ ਲਈ ਮਨੋਰੰਜਨ ਵੀ ਉਪਲਬਧ ਹੋਵੇਗਾ, ਜੋ ਯਕੀਨੀ ਬਣਾਵੇਗਾ ਕਿ ਐਲਬਰਟਾ ਦਿਵਸ ਸਾਰੇ ਪਰਿਵਾਰਾਂ ਲਈ ਇਕ ਮੌਜ-ਮੇਲਾ ਹੋਵੇ।

## ਮਿਊਂਸਪੈਲਿਟੀਆਂ ਲਈ ਫੰਡਿੰਗ

3 ਸਤੰਬਰ ਨੂੰ ਆਪਣੀ ਕਮਿਊਨਿਟੀਆਂ 'ਚ ਐਲਬਰਟਾ ਦਿਵਸ ਦੇ ਪ੍ਰੋਗਰਾਮ ਆਯੋਜਿਤ ਕਰਨ ਲਈ ਮਿਊਂਸਪੈਲਿਟੀਆਂ ਲਈ ਫੰਡਿੰਗ ਉਪਲਬਧ ਹੈ।

- 10,000 ਤੋਂ ਵਧੇਰੇ ਵੱਸੋਂ ਵਾਲੀਆਂ ਮਿਊਂਸਪੈਲਿਟੀਆਂ 10,000 ਡਾਲਰ ਤੱਕ ਦੀ ਫੰਡਿੰਗ ਲਈ ਯੋਗ ਹਨ।
- 1,000 ਤੇ 10,000 ਦੇ ਦਰਮਿਆਨ ਵੱਸੋਂ ਵਾਲੀਆਂ ਮਿਊਂਸਪੈਲਿਟੀਆਂ 5,000 ਡਾਲਰ ਤੱਕ ਲਈ ਯੋਗ ਹਨ।
- 1,000 ਤੋਂ ਘੱਟ ਵੱਸੋਂ ਵਾਲੀਆਂ ਮਿਊਂਸਪੈਲਿਟੀਆਂ 1,500 ਡਾਲਰ ਤੱਕ ਲਈ ਯੋਗ ਹਨ।.

ਐਲਬਰਟਾ ਮਿਊਂਸਪੈਲਿਟੀਜ਼ ਐਸੋਸੀਏਸ਼ਨ ਨੇ ਮਿਊਂਸਪੈਲਿਟੀਆਂ ਨਾਲ ਐਲਬਰਟਾ ਦਿਵਸ  ਦੇ ਜ਼ਸ਼ਨ ਮਨਾਉਣ ਲਈ ਅਰਜ਼ੀ ਫਾਰਮਾਂ ਅਤੇ ਜ਼ਸ਼ਨਾਂ ਦੇ ਪ੍ਰੋਗਰਾਮਾਂ ਵਾਸਤੇ ਨੁਕਤਿਆਂ ਸਮੇਤ ਜਾਣਕਾਰੀ ਸਾਂਝੀ ਕੀਤੀ ਹੋਈ ਹੈ। ਫੰਡਿੰਗ ਲੈਣ ਲਈ ਦਿਲਚਸਪੀ ਜ਼ਾਹਰ ਕਰਨ ਵਾਲੀ ਅਰਜ਼ੀ ਭੇਜਣ ਦੀ ਆਖਰੀ ਤਰੀਕ 8 ਅਗਸਤ ਹੈ।

## ਸ਼ਮੂਲੀਅਤ ਕਰਨ ਦੇ ਹੋਰ ਤਰੀਕੇ

ਜੇਕਰ ਤੁਸੀਂ ਕਿਸੇ ਪ੍ਰੋਗਰਾਮ 'ਚ ਸ਼ਾਮਲ ਨਹੀਂ ਹੋ ਸਕਦੇ, ਤਾਂ ਐਲਬਰਟਾ ਦੇ ਵਿਰਸੇ ਅਤੇ ਸੱਭਿਆਚਾਰ ਦੇ ਆਪਣੇ ਤਰੀਕੇ ਨਾਲ ਜ਼ਸ਼ਨ ਮਨਾਉ। ਐਲਬਰਟਾ ਦੇ ਇਤਿਹਾਸ ਬਾਰੇ ਵਧੇਰੇ ਜਾਨਣ ਲਈ ਕਿਸੇ ਸੂਬਾਈ ਇਤਿਹਾਸਕ ਸਥਾਨ ਜਾਂ ਅਜਾਇਬਘਰ ਨੂੰ ਵੇਖਣ ਜਾਉ ਜਾਂ ਐਲਬਰਟਾ ਦੀ ਪ੍ਰਾਕਿਰਤਕ ਸੁੰਦਰਤਾ ਦੀ ਸਹਾਰਨਾਂ ਕਰਨ ਲਈ ਕਿਸੇ ਪ੍ਰਾਂਤਕ ਪਾਰਕ 'ਚ ਜਾਉ।

## ਐਲਬਰਟਾ ਦਿਵਸ ਦੇ ਆਪਣੇ ਅਨੁਭਵ ਸਾਂਝੇ ਕਰੋ

ਇਹ ਕੋਈ ਗੱਲ ਨਹੀਂ ਕਿ ਤੁਸੀਂ ਕਿਸ ਢੰਗ ਨਾਲ ਜ਼ਸ਼ਨ ਮਨਾਉਣਾ ਪਸੰਦ ਕਰਦੇ ਹੋ, ਐਲਬਰਟਾ ਦਿਵਸ ਦੇ ਆਪਣੇ ਅਨੁਭਵਾਂ ਨੂੰ ਸੋਸ਼ਲ ਮੀਡੀਏ 'ਤੇ #AlbertaDay ਹੈਸ਼ਟੈਗ ਸਹਿਤ ਪਾਉਣ ਦੁਆਰਾ ਸਾਂਝੇ ਕਰੋ।

## ਸਬੰਧਤ ਜਾਣਕਾਰੀ

- ਐਲਬਰਟਾ ਡੇਅ ਈਵੈਂਟਸ
- 